# ਸਰਪੰਚ

ਤੇਜੂ : ਮੈਂ ਤੇਜੂ ਹਾਂ – ਪੁੱਤਰ ਅੱਤਰੂ ਦਾ – ਪਿਤਾ ਤਾਰੇ ਦਾ, ਪਰ ਕਦੀ ਕਦੀ ਮੈਂ ਤੇਜਾ ਸਿੰਘ ਸਪੁੱਤਰ ਸ: ਅਤਰ ਸਿੰਘ – ਪਿਤਾ ਤਾਰਾ ਸਿੰਘ ਹੁੰਦਾ ਹਾਂ... ਪਰ ਇਹ ਗੱਲ ਪੰਜੀ ਦਸੀਂ ਸਾਲੀਂ ਹੀ ਹੁੰਦੀ ਹੈ – ਜਦੋਂ ਦੇਸ਼ ਵਿਚ ਜਾਂ ਪਿੰਡ ਵਿਚ ਕਿਸੇ ਕਿਸਮ ਦੀਆਂ ਚੋਣਾਂ ਹੋਣ – ਅੱਜਕਲ ਮੈਂ ਸ: ਤੇਜਾ ਸਿੰਘ ਹਾਂ – ਤੇਜੂ ਨਹੀਂ ਕਿਉਂਕਿ ਪੰਚਾਇਤ ਚੋਣਾਂ ਸਿਰ 'ਤੇ ਖੜੀਆਂ ਨੇ – ਐਤਕੀ ਪਿੰਡ ਵਿਚ ਇਹਨਾਂ ਚੋਣਾਂ ਦੀ ਖਾਸ ਵੁਕਅਤ ਏ – ਕਿਉਂਕਿ ਹਮੇਸ਼ਾਂ ਦੇ ਉਲਟ ਐਤਕੀ ਇਕ ਧਿਰ ਮੁੰਡਿਆਂ ਦੀ ਉੱਠ ਖੜੋਤੀ ਏ ਜਿੰਨੇ ਖਾਨਦਾਨੀ ਸਰਪੰਚ ਗੁਰਮੇਲ ਸਿੰਘ ਦਾ ਮੁਕਾਬਲਾ ਕਰਨ ਦੀ ਠਾਣ ਲਈ ਏ – ਮੁਕਾਬਲਾ ਬੜਾ ਸਖ਼ਤ ਏ – ਇਕ ਪਾਸੇ ਜਵਾਨੀ ਦਾ ਜੋਸ਼ ਏ ਦੂਜੇ ਪਾਸੇ ਉਮਰ ਦਾ ਹੰਢਾਇਆ ਹੋਇਆ ਤਜ਼ਰਬਾ।

*(ਇਕ ਪਾਸਿਓਂ ਢੋਲ ਵਾਲਾ ਮੰਚ 'ਤੇ ਆਉਂਦਾ ਹੈ – ਤੇ ਦੂਜੇ ਪਾਸਿਉਂ ਪੀਪੇ ਵਾਲਾ।)*

ਢੋਲ ਵਾਲਾ : ਸਾਰੇ ਭਰਾਵਾਂ ਨੂੰ ਇਤਲਾਹ ਦਿੱਤੀ ਜਾਂਦੀ ਏ ਕਿ ਅੱਜ ਆਥਣੇ ਗੁਰਦੁਆਰੇ 'ਚ 'ਕੱਠ ਹੋਊ, ਪੰਚੈਤ ਚੋਣਾਂ ਬਾਰੇ ਕੁਝ ਫੈਸਲੇ ਲਏ ਜਾਣਗੇ। ਪਿਛਲੀ ਪੰਚੈਤ ਨੇ ਜਿਹੜੇ ਚੰਗੇ ਕੰਮ ਕੀਤੇ ਨੇ, ਸਰਪੰਚ ਸਾਹਿਬ ਉਹਦੇ 'ਤੇ ਰੋਸ਼ਨੀ ਪਾਉਣਗੇ।

ਪੀਪੇ ਵਾਲਾ : ਸਾਰੇ ਭਰਾਵਾਂ ਨੂੰ ਇਤਲਾਹ ਦਿੱਤੀ ਜਾਂਦੀ ਏ ਕਿ 'ਕੱਠ ਗੁਰਦੁਆਰੇ 'ਚ ਨਹੀਂ ਹੋਵੇਗਾ – ਸਗੋਂ ਸਕੂਲ 'ਚ ਹੋਵੇਗਾ – ਪਿਛਲੀ ਪੰਚੈਤ ਦੀਆਂ ਗ਼ਲਤ ਕਾਰਵਾਈ 'ਤੇ ਰੋਸ਼ਨੀ ਪਾਈ ਜਾਏਗੀ।

ਢੋਲ ਵਾਲਾ : ਗੁਰਦੁਆਰੇ ਦੇ ਇਕੱਠ 'ਚ ਦੱਸਿਆ ਜਾਏਗਾ ਕਿ ਕਿਸ ਤਰ੍ਹਾਂ ਮੁੰਡਿਆਂ ਦੀ ਢਾਣੀ ਨੇ ਸਰਪੰਚ ਸਾਹਿਬ ਦੇ ਬੂਹੇ ਅਗੇ ਗੁੰਡਾ ਗਰਦੀ ਕੀਤੀ ਏ ਤੇ ਇਸਦੇ ਬਾਰੇ ਕੀ ਕਾਰਵਾਈ ਕੀਤੀ ਜਾਏਗੀ।

ਪੀਪੇ ਵਾਲਾ : ਸਕੂਲ ਦੇ ਇਕੱਠ ਵਿਚ ਦੱਸਿਆ ਜਾਏਗਾ ਕਿ ਸਰਪੰਚ ਨੇ ਜਿਹੜੇ ਗੁੰਡੇ ਪਾਲ ਰਖੇ ਨੇ – ਉਹ ਪਿੰਡ ਦੀ ਇਜ਼ਤ ਲਈ ਖਤਰਾ ਬਣ ਗਏ ਨੇ, ਇਹ ਪ੍ਰੋਗਰਾਮ ਬਣਾਇਆ ਜਾਏਗਾ ਕਿ ਇਸ ਗੁੰਡਾ ਗਰਦੀ ਦਾ ਜਵਾਬ ਕਿਸ ਤਰ੍ਹਾਂ ਦੇਣਾ ਏ।

ਤੇਜੂ : ਇਕ ਦੂਜੇ ਦਾ ਸਿਰ ਪਾੜਕੇ ਦਿੱਤਾ ਜਾਏਗਾ...

ਪੀਪੇ ਵਾਲਾ : ਨਹੀਂ ਚਾਚਾ ਲੋਕਾਂ ਵਿਚ ਏਕਤਾ ਕਰਕੇ, ਉਹਨਾਂ ਨੂੰ ਜਾਗ੍ਰਿਤ ਕਰਕੇ ਦਿੱਤਾ ਜਾਏਗਾ।

ਤੇਜੂ : ਚੰਗੀ ਗੱਲ ਏ।

ਢੋਲ ਵਾਲਾ : ਪਰ ਚਾਚਾ ਇਹ ਗੁੰਡੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਸੁਧਰਨ ਲਗੇ – ਖੂਨ ਦੀਆਂ ਨਦੀਆਂ ਵਗਾ ਦੇਵਾਂਗੇ – ਕੋਈ ਉਠੇ ਤਾਂ ਸਹੀ।

ਤੇਜੂ : ਮਾੜੀ ਗੱਲ ਏ।

*(ਪੀਪਾ ਵਜਾਉਂਦੇ ਢੋਲ ਵਜਾਉਂਦੇ ਤੁਰ ਜਾਂਦੇ ਨੇ।)*

*(ਗੱਲ ਜਾਰੀ ਰਖਦੇ ਹੋਏ।)*

ਪਿੜ ਬਣ ਗਿਆ ਏ – ਪਹਿਲੇ ਵਕਤਾਂ ਦਾ ਤੇਜੂ ਪੁੱਤਰ ਅੱਤਰੂ – ਪਰ ਹੁਣ ਦਾ ਸਃ ਤੇਜਾ ਸਿੰਘ ਸਪੁੱਤਰ ਸਃ ਅਤਰ ਸਿੰਘ ਕਿਨਾਰੇ 'ਤੇ ਖੜਾ ਏ – ਉਹ ਸੋਚਦੈ ਉਸਨੇਂ ਇਸ ਘੋਲ ਵਿਚੋਂ ਕੀ ਲੈਣਾ ਏ – ਪਰ ਕੀ ਉਹ ਲਾਂਭੇ ਰਹਿ ਸਕਦਾ ਏ ?

ਗੇਜਾ : ਲੈ ਖਾਂ ਚਾਚਾ – ਮੁੰਡਿਆਂ ਨੇ ਇਕ ਵਾਰੀ ਤਾਂ ਕਮਾਲ ਕਰ ਦਿੱਤੀ।

ਤੇਜਾ : ਕੀ ਹੋਇਆ ?

ਗੇਜਾ : ਪਿੰਡ ਦਾ ਸਾਰਾ ਗੰਦ ਕੱਢ ਦਿੱਤਾ।

ਤੇਜਾ : ਜਵਾਨੀ ਦਾ ਵਹਿਣ ਤਾਂ ਹੜ ਆਏ ਪਾਣੀ ਵਾਂਗ ਏ, ਜਿਧਰ ਤੁਰ ਪੈਂਦਾ ਏ – ਬਸ ਬਹਿਜਾ ਬਹਿਜਾ ਕਰਵਾ ਦੇਂਦਾ ਏ – ਪਰ ਅਸੀਂ ਤਾਂ ਮੰਨੀਏ, ਜੇ ਦੂਆ ਗੰਦ ਵੀ ਕੱਢ ਦੇਣ – ਬਣ ਜਾਏ ਪਹਿਲੇ ਵੇਲਿਆਂ ਦਾ ਪਿੰਡ – ਜਿਥੇ ਵਡਿਆਂ ਦੀ ਇਜ਼ਤ ਹੋਵੇ – ਲੁੱਚੇ ਲੁੰਡੇ ਕਿਸੇ ਦੀ ਧੀ ਭੈਣ ਨੂੰ ਛੇੜਨ ਦੀ ਜੁਰਅਤ ਨਾ ਕਰਨ।

ਗੇਜਾ : ਮੁੰਡਿਆਂ ਦਾ ਰਾਜ ਹੋ ਜਾਵੇ ਤਾ ਉਹ ਵੀ ਹੋ ਜਾਊ।

ਤੇਜਾ : ਇਹ ਤਾਂ ਤੇਰੀ ਗੱਲ ਠੀਕ ਏ – ਜਵਾਨੀ ਨੂੰ ਜਦੋਂ ਜ਼ਿੰਮੇਵਾਰੀ ਮਿਲ ਜਾਏ ਤਾਂ ਸਭ ਕੰਮ ਰਾਸ ਕਰ ਲੈਂਦੇ ਨੇ, ਵੇਖਿਆ ਟੂਰਨਾਮੈਂਟ ਕਰਵਾਇਆ ਤਾਂ ਕਿਵੇਂ ਸਾਰਾ ਇੰਤਜ਼ਾਮ ਸਿਰੇ ਚੜ੍ਹਾਇਆ। ਸਰਪੰਚ ਨੇ ਬਥੇਰੀ ਮੁਖਾਲਫਤ ਕੀਤੀ ਕਿ ਐਵੇਂ ਕੁੱਤਖਾਨਾ ਪਏਗਾ – ਲੜਾਈ ਹੋਏਗੀ।

ਗੇਜਾ : ਹਾਹੋ, ਉਹਨੇ ਤਾਂ ਕਰਨੀ ਹੀ ਸੀ – ਕੋਈ ਚੰਗਾ ਕੰਮ ਹੋਵੇ, ਭੈੜੀ ਰੰਨ ਵਾਗੂੰ ਜ਼ਰੂਰ ਲੱਤ ਅੜਾਊ – ਨੀਤ ਸਾਫ ਹੋਵੇ ਤਾਂ ਲੜਾਈ ਕਿਉਂ ਹੋਵੇ – ਕਿਵੇਂ ਸਾਰਾ ਕੰਮ ਰਾਸ ਆਇਆ, ਖੇਡਾਂ ਹੋਈਆਂ, ਡਰਾਮਾ ਹੋਇਆ, ਕੋਡੀ ਹੋਈ – ਤੈਨੂੰ ਵੀ ਚਾਚਾ ਟੈਚੀਕੇਸ ਇਨਾਮ ਮਿਲਿਆ।

ਤੇਜੂ : ਲੈ ਹੋਰ ਕੀ ? ਬੁੜਿਆਂ ਦੀ ਦੋੜ ਵਿਚ ਅੱਵਲ ਆਇਆ, ਪਰ

ਟੈਚੀਕੇਸ ਨੇ ਮੁੰਡਿਆਂ ਬੜੀ ਲੜਾਈ ਪਾਈ।

ਗੇਜਾ : ਕਿਉਂ ?

ਤੇਜੂ : ਤੇਰੀ ਚਾਚੀ ਆਖੇ, ਟੈਚੀਕੇਸ 'ਚ ਮੈਂ ਲੀੜੇ ਪਾਊਂ – ਮੈਂ ਆਖਿਆ ਧੀ ਜਾਭੀਏ ਜ਼ੋਰ ਉਥੇ ਮੇਰਾ ਲਗ ਗਿਆ – ਲੀੜੇ ਤੇਰੇ ਕਿਉਂ ਪੈਣ – ਲਓ ਜੀ ਪੈ ਗਿਆ ਸਿਆਪਾ – ਉਹਨੇਂ ਕਰ ਦਿੱਤੀ ਹੜਤਾਲ – ਸਾਡਾ ਰੋਟੀ ਪਾਣੀ ਬੰਦ।

ਗੇਜਾ : ਫੇਰ ?

ਤੇਜੂ : ਫੇਰ ਕੀ – ਮੈਂ ਸੋਚਿਆ ਸਾਡਾ ਲੀੜਾ ਹੈ ਕਿਹੜਾ, ਇਕ ਤੇੜ ਚਾਦਰ ਬੰਨੀ ਹੋਈ ਏ ਜੇ ਟੰਗਨੇ ਤੇ ਟੰਗੀ ਰਹੀ ਤਾਂ ਕੀ ਏ। ਅਸੀਂ ਟੈਚੀਕੇਸ ਨੂੰ ਫਾਹੇ ਦੇਣਾ ਏ – ਅਸੀਂ ਚਾਚੀ ਤੇਰੀ ਨੂੰ ਦੇਕੇ ਖੁਸ਼ ਕਰ ਦਿੱਤਾ –ਘਾਣੀ ਗੇੜ ਤੇ ਸਿਲਸਲਾ ਆਹ ਈ।

ਗੇਜਾ : ਆਹੋ ਚਾਚਾ, ਬੰਦਾ ਬਾਹਰ ਭਾਵੇਂ ਕਿੰਨੇ ਦਮਗਜੇ ਮਾਰੇ, ਜਨਾਨੀ ਅਗੇ ਤਾਂ ਮਾਂਊ ਬਣਨਾ ਹੀ ਪੈਂਦਾ ਏ।

ਤੇਜੂ : ਇਹ ਤਾਂ ਸੋਲ੍ਹਾਂ ਆਨੇਂ ਸੱਚ ਏ – ਉਂਝ ਬਲਿਆ, ਜ਼ਿੰਦਗੀ ਵਿਚ ਪਹਿਲੀ ਦਫਾ ਕੋਈ ਅਨਾਮ ਮਿਲਿਆ – ਬੱਲੇ ਬਈ ਮੁੰਡਿਆਂ ਦੀ, ਇਕ ਵਾਰੀ ਤਾਂ ਰੂਹ ਖੁਸ਼ ਕਰ ਦਿੱਤੀ...

ਗੇਜਾ : ਐਤਕੀ ਚੋਣਾਂ ਵਿਚ ਤੂੰ ਮੁੰਡਿਆਂ ਦੇ ਕਰਤਵ ਵੇਖੀਂ ਚਾਚਾ।

ਤੇਜੂ : ਕਮਲਿਆ ਇਹ ਚੋਣਾਂ ਬੜੀ ਭੈੜੀ ਖੇਡ ਨੇ – ਚੋਣਾਂ ਦਾ ਬਜ਼ਾਰ ਗਰਮ ਹੋਇਆ ਨਹੀਂ ਤੇ ਇਹ ਅੱਧ ਸਿਰ ਪਾਟਿਆ ਨਹੀਂ।

ਗੇਜਾ : ਪਰ ਚਾਚਾ ਐਤਕੀ ਸਰਪੰਚ ਤਾਂ ਚੁਣਿਆ ਹੀ ਨਹੀਂ ਜਾਣਾ – ਪਹਿਲੇ ਪੰਚ ਚੁਣੇ ਜਾਣਗੇ ਤੇ ਫੇਰ ਉਹਨਾਂ ਵਿਚੋਂ ਸਰਪੰਚ।

ਤੇਜੂ : ਜਿਵੇਂ ਪਹਿਲੇ ਐਮ.ਐਲ.ਏ. ਤੇ ਫੇਰ ਵੱਡਾ ਵਜ਼ੀਰ – ਪਰ ਅਖੀਰ ਤਾਂ ਬਲਿਆ ਸਰਪੰਚ ਚੁਣਿਆ ਜਾਣਾ ਏ – ਤੇ ਲੜਾਈ ਪੈ ਜਾਣੀ ਏ – ਘਾਣੀ ਗੇੜ ਤੇ ਸਿਲਸਲਾ ਆਹ ਈ।

ਗੇਜਾ : ਹਵਾ ਤੇ ਇਹ ਵੇ ਕਿ ਆਪਣੇ ਬਾਈ ਜਗਤਾਰ ਨੂੰ ਸਰਪੰਚ ਚੁਣਿਆ ਜਾਏ।

ਤੇਜੂ : ਜੇ ਉਹ ਚੁਣਿਆ ਜਾਏ ਤਾਂ ਬਾਹਲਾ ਚੰਗਾ ਹੋਵੇ – ਪੜ੍ਹਿਆ ਏ – ਗੱਲ ਕਰੂ ਤਾਂ ਰੂਹ ਖੁਸ਼ ਕਰੂ।

ਗੇਜਾ : ਖੇਤੀ ਬਾਰੇ ਵੀ ਚਾਚਾ ਉਹਨੂੰ ਬਾਹਲਾ ਗਿਆਨ ਏ – ਤਿੰਨਾਂ ਸਾਲਾਂ ਵਿਚ ਆਪਣੇ ਖੇਤ ਤਾਂ ਉਹਨੇ ਜੋ ਸਵਾਰੇ ਉਹ ਤਾਂ ਸਵਾਰੇ – ਉਹਦਾ ਆਖਾ ਮੰਨ ਹੋਰਨਾਂ ਦੇ ਵੀ ਵਾਰੇ ਬਾਰੇ ਹੋ ਗਏ – ਬੰਦਾ ਇਕ ਨੰਬਰ ਦਾ ਏ।

ਤੇਜੂ : ਪਰ ਤੂੰ ਵੇਖੀਂ ਗੁਰਮੇਲ ਸਿੰਘ ਨਹੀਂ ਉਹਦੇ ਪੈਰ ਲਗਣ ਦੇਵੇਗਾ, ਉਹ ਤਾਂ ਸਾਰਾ ਟਿੱਲ ਲਾ ਦਊ – ਫਰਜ਼ ਕਰੋ ਜੇ ਜਗਤਾਰ ਸਰਪੰਚ ਬਣ ਗਿਆ ਤਾਂ ਸਿਰਫ ਗੁਰਮੇਲ ਸਿੰਘ ਦਾ ਦਬਕਾ ਹੀ ਨਹੀਂ ਘਟਣਾ, ਉਦੇ ਕੀਤੇ ਗੰਦੇ, ਲੁੱਚੇ ਕੰਮ ਵੀ ਜ਼ਾਹਰ ਹੋ ਜਾਣੇ ਨੇ – ਉਹਦੇ ਕੁੱਤੇ ਬਿੱਲੇ ਕੰਮਾਂ ਦਾ ਲੋਕਾਂ ਨੂੰ ਪਤਾ ਲਗ ਜਾਣਾ ਏ।

ਗੇਜਾ : ਇਹ ਤਾਂ ਠੀਕ ਏ ਚਾਚਾ, ਉਹਦੇ ਚਿਹਰੇ ’ਤੇ ਰੁਹਬ ਨਾਲ ਪਾਇਆ ਸ਼ਰੀਫੀ ਤੇ ਨੇਕੀ ਦਾ ਨਕਾਬ ਵੀ ਉਤਰ ਜਾਣਾ ਏ ਤੇ ਉਸਨੂੰ ਪਿੰਡ ਦੀ ਕਿਸੇ ਵੀ ਗਲੀ ’ਚ ਲੰਘਣਾ ਉਸਦੀ ਅਰਥੀ ਲੰਘਣ ਵਾਂਗ ਹੋ ਜਾਣਾ ਏ – ਆਪਣੇ ਖੇਤਾਂ ਵਿਚ ਆਈਆਂ ਕੰਮੀਆਂ ਦੀਆਂ ਧੀਆਂ–ਭੈਣਾਂ ਦੇ ਕਿੰਨੇ ਹੀ ਕਾਂਡ ਉਹਨੇ ਪੈਸੇ ਦੇ ਜ਼ੋਰ ਨਾਲ ਦਬਾ ਰਖੇ ਨੇ, ਉਹ ਵੀ ਤਾਂ ਉਹਦੀ ਸਰਪੰਚੀ ਹੱਟਦਿਆਂ ਹੀ ਬਾਹਰ ਆ ਜਾਣੇ ਨੇਂ।

ਤੇਜੂ : ਤੇ ਤੇਰਾ ਕੀ ਖਿਆਲ ਏ ਉਹ ਸਭ ਕੁਝ ਬਰਦਾਸ਼ਤ ਕਰੇਗਾ – ਬਲਿਆ ਉਹਦੀਆਂ ਬਾਹਵਾਂ ਬੜੀਆਂ ਲੰਮੀਆਂ ਨੇ – ਬੀ.ਡੀ.ਓ., ਪੰਚਾਇਤਾਂ, ਅਫਸਰ, ਥਾਣੇਦਾਰ, ਐਸ.ਡੀ.ਓ. ਸਾਰੇ ਤਾਂ ਉਹਨੇ ਵੱਸ ਕੀਤੇ ਹੋਏ ਨੇ – ਉਹਨੇਂ ਐਸਾ ਕੋਈ ਧੋਬੀ ਪਟਕਾ ਮਾਰਨਾ ਏ ਕਿ ਲੋਕਾਂ ਨੇ ਵੇਖਦਿਆਂ ਹੀ ਬਹਿ ਜਾਣਾ ਏ – ਘਾਣੀ ਗੇੜ ਤੇ ਸਿਲਸਲਾ ਆਹ ਈ।

ਗੇਜਾ ਪਰ ਵਿਚੋਂ ਇਜ਼ਤ ਤਾਂ ਚਾਚਾ ਉਹਦੀ ਕੌਡੀ ਦੀ ਨਹੀਂ।

ਤੇਜੂ : ਇਹੋ ਜਹੇ ਬੰਦੇ ਉਹਦੀ ਕੀ ਪਰਵਾਹ ਕਰਦੇ – ਪਿੰਡ ’ਚ ਸਾਰਿਆਂ ਨਾਲੋਂ ਵੱਧ ਉਹਦੇ ਕੋਲ ਜ਼ਮੀਨ ਏ – ਯਾਰਾਂ ਦੀ ਮਹਿਫਲ ਵਿਚ ਜਾਂ ਅਫਸਰਾਂ ਨੂੰ ਪੀਣ ਪਿਲਾਉਣ ਵਿਚ ਉਹ ਦੋ ਚਾਰ ਹਜ਼ਾਰ ਉਡਾ ਵੀ ਦੇਵੇਗਾ ਤਾਂ ਉਹਨੂੰ ਕੋਈ ਫਰਕ ਨਹੀਂ ਪੈਂਦਾ – ਇਜ਼ਤ ਨਾਲੋਂ ਦੱਬਕੇ ਦੀ ਬਹੁਤੀ ਕੀਮਤ ਏ ਬਲਿਆ – ਘਾਣੀ ਗੇੜ ਤੇ ਸਿਲਸਲਾ ਆਹ ਈ।

ਗੇਜਾ : ਪਰ ਚਾਚਾ ਐਤਕੀ ਰੰਗ ਢੰਗ ਹੋਰ ਨੇਂ – ਹਵਾ ਵੀ ਜਗਤਾਰ ਦੇ ਹੱਕ ’ਚ ਏ।

ਤੇਜੂ : ਪਰ ਵੇਖ ਲਵੀਂ ਬਲਿਆ – ਇਹ ਹਵਾ ਬਸ ਹਵਾ ਨਾਲ, ਹਵਾ ਹੋ ਜਾਣੀ ਏ – ਕੁੜੀ ਜਾਹਵੇ ਲੋਕ ਗਲਾਂ ਤਾਂ ਪਹਿਲੇ ਬੜੀਆਂ ਕਰਨਗੇ, ਪਰ ਚੁਣਨ ਵੇਲੇ ਵੇਖੀਂ ਗੁਰਮੇਲ ਸਿੰਘ ਨੂੰ ਹੀ ਚੁਣਨਗੇ।

ਜਗਤਾਰ : ਓਏ ਗੇਜੇ, ਵੀਰ ਮੇਰਿਆ ਤੂੰ ਇਥੇ ? ਮੈਂ ਸਾਰਾ ਪਿੰਡ ਫੋਲ ਮਾਰਿਆ।

ਗੇਜਾ : ਕਿਉਂ ?

ਜਗਤਾਰ : ਸਕੂਲ ਵਾਲੇ ਇਕੱਠ ਦਾ ਬੰਦੋਬਸਤ ਕਿੰਨੇ ਕਰਨਾ ਏ ?

ਗੇਜਾ : ਮੈਂ?

ਤੇਜੂ : ਤੇ ਫੇਰ ਇਥੇ ਬੈਠਿਆਂ ਕੰਜਰਾ ਕੀ ਕਰਦਾ ਏਂ – ਜਾ ਭੱਜ ਜਾ –

*(ਗੇਜਾ ਜਾਂਦਾ ਹੈ)*

ਜਗਤਾਰ : (ਪਿਛੋਂ ਦੀ) ਬੈਠਨ ਲਈ ਦਰੀਆਂ ਦਾ ਬੰਦੋਬਸਤ ਜ਼ਰੂਰ ਹੋਵੇ।

ਗੇਜਾ ; (ਦੂਰੋਂ ਹੀ) ਚੰਗਾ।

ਤੇਜੂ : ਜਗਤਾਰ ਸਿਆਂ ਬਾਈ ਗੱਲ ਤਾਂ ਸੁਣ –

ਜਗਤਾਰ : ਦੱਸ ਚਾਚਾ

ਤੇਜੂ : ਸੁਣਿਐ ਤੂੰ ਸਰਪੰਚੀ ਦੀ ਚੋਣ ਲੜਣ ਲਗਿਆ ਏਂ।

ਜਗਤਾਰ : ਚਾਚਾ ਪਿੰਡ ਵਾਲੇ ਲੋਕ ਕਹਿੰਦੇ ਨੇ ਐਤਕੀ ਜਗਤਾਰ ਨੂੰ ਸਰਪੰਚ ਬਣਾਉਣਾ।

ਤੇਜੂ : ਨਾ ਪਿੰਡ ਵਾਲੇ ਕੁੜੀ ਜਾਭਿਆਂ ਨੂੰ ਉਹ ਚਲਦਾ ਫਿਰਦਾ ਚੰਗਾ ਨਹੀਂ ਲਗਦਾ।

ਜਗਤਾਰ : ਕੀ ਮਤਲਬ ਚਾਚਾ ?

ਤੇਜੂ : ਉਏ ਕਾਕਾ – ਇਹ ਬੜੀ ਕੁੱਤੀ ਲੜਾਈ ਏ – ਲੱਭਣਾ ਇਸ ਵਿਚੋਂ ਕੁਸ਼ ਨਹੀਂ – ਐਵੇਂ ਮੁਫਤ ਦਾ ਵੈਰ ਵਿਰੋਧ ਵਧਣਾ ਏ।

ਜਗਤਾਰ : ਮੈਂ ਤਾਂ ਵੈਰ ਨਹੀਂ ਵਧਾਉਣਾ ਚਾਹੁੰਦਾ।

ਤੇਜੂ : ਓਏ ਤੂੰ ਤਾਂ ਨਹੀਂ ਚਾਹੁੰਦਾ – ਪਰ ਅਗਲਿਆਂ ਨੇ ਤਾਂ ਵੱਧਾ ਲੈਣਾ – ਤੇਰਾ ਕੀ ਮਤਲਬ ਏ ਗੁਰਮੇਲ ਸਿੰਘ ਇਹ ਬਰਦਾਸ਼ਤ ਕਰੇਗਾ ਕਿ ਉਹਦੇ ਹੁੰਦਿਆਂ ਕੋਈ ਹੋਰ ਸਰਪੰਚ ਬਣੇ ?

ਜਗਤਾਰ : ਪਰ ਚਾਚਾ ਇਹ ਵੀ ਨਹੀਂ ਲਿਖਿਆ ਹੋਇਐ ਕਿ ਹਮੇਸ਼ਾਂ ਉਹੀ ਸਰਪੰਚ ਰਹੇ – ਮੰਨਿਆ ਉਹਦੀ ਜ਼ਮੀਨ ਸਭ ਨਾਲੋਂ ਵੱਧ ਏ ਪਰ ਬੰਦੇ ਕੋਲ ਗੁਣ ਹੋਣੇ ਚਾਹੀਦੇ ਨੇ।

ਤੇਜੂ : ਤੇ ਉਹਦੇ ਕੋਲ ਉਹ ਸਾਰੇ ਗੁਣ ਨੇ ਜਿਹੜੇ ਅੱਜ ਦੇ ਚੋਧਰੀਆਂ ਕੋਲ ਹੋਣੇ ਚਾਹੀਦੇ ਨੇ।

ਜਗਤਾਰ : ਕਿਹੜੇ ਚਾਚਾ ?

ਤੇਜੂ : ਬੰਦਾ ਵੱਧਕੇ ਲੁੱਚਾ ਹੋਵੇ – ਚੁਬਾਰੇ ਵਿਚ ਬੈਠਕੇ ਹੋਰਨਾਂ ਲੁੱਚਿਆਂ ਨੂੰ ਸ਼ਰਾਬ ਪਿਆ ਸਕੇ ਤੇ ਫੇਰ ਬੜ੍ਹਕਾਂ ਮਾਰ ਸਕੇ, ਪਿੰਡ ਵਾਲਿਆਂ ਨੂੰ ਧਮਕਾ ਸਕੇ, ਜੇ ਕੋਈ ਉਹਦੇ ਅਗੇ ਬੋਲੇ, ਉਹਨੂੰ ਝੂਠੇ ਕੇਸ 'ਚ ਫਸਾਕੇ ਥਾਣੇ ਕੁੱਟਵਾ ਸਕੇ – ਥਾਣੇਦਾਰ ਤੇ ਇਲਾਕੇ ਦੇ ਹੋਰ ਅਫਸਰਾਂ ਨੂੰ ਆਪਣੇ ਹੱਥ ਵਿਚ ਰੱਖ ਸਕੇ – ਖੇਤ ਗਈਆਂ ਕੰਮੀਆਂ ਦੀਆਂ ਧੀਆਂ–ਭੈਣਾਂ ਦੀ ਇਜ਼ਤ ਨਾਲ ਖੇਡ ਸਕੇ ਤੇ ਫੇਰ ਪੈਸੇ ਨਾਲ ਉਹਨਾਂ ਦਾ ਮੂੰਹ

ਬੰਦ ਕਰ ਸਕੇ – ਘਾਣੀ ਗੇੜ ਤੇ ਸਿਲਸਲਾ ਆਹ ਈ।

ਜਗਤਾਰ : ਨਹੀਂ ਚਾਚਾ ਹੁਣ ਇਹੋ ਜਹੀਆਂ ਗੱਲਾਂ ਨਹੀਂ ਰਹੀਆਂ – ਲੋਕ ਜਾਗ ਗਏ ਨੇ, ਗਰੀਬਾਂ ਨੂੰ ਵੀ ਹੁਣ ਅਕਲ ਆ ਗਈ ਏ।

ਤੇਜੂ : ਲੈ – ਉਹ ਕਪਤਾਨ ਸਾਹਿਬ ਪਏ ਆਉਂਦੇ ਨੇ – ਨਿਰੇ ਮੂਰਖ।

ਜਗਤਾਰ : ਓਏ ਚਾਚਾ, ਉਹਨੇ ਤਾਂ ਕਈ ਜੰਗਾ ਜਿੱਤੀਆਂ – ਕਿੰਨੇ ਤਮਗੇ ਜਿੱਤੇ।

ਤੇਜੂ : ਘਾਣੀ ਗੇੜ ਤੇ ਸਿਲਸਲਾ ਆਹ ਈ... ਇਹ ਤਮਗੇ ਤਾਂ ਮੂਰਖਤਾ ਦੀਆਂ ਜੀਂਦੀਆਂ ਜਾਗਦੀਆਂ ਨਿਸ਼ਾਨੀਆਂ ਨੇ – ਸਾਡਾ ਬਾਪੂ ਬਰਮ੍ਹ ਫਰੇਟ ਦੀਆਂ ਗਲਾਂ ਦੱਸਦਾ ਸੀ – ਦੂਜੀ ਜੰਗ ਵੇਲੇ ਅੰਗਰੇਜ ਸਾਰੇ ਸਾਲੇ ਉਹਨਾਂ ਦੇ ਅਫਸਰ – ਉਹ ਸਾਰੇ ਪੰਜਾਬੀ ਸਿੱਖ ਜਾਪਾਨੀਆਂ ਦਾ ਇਕ ਮੋਰਚਾ ਫਤਿਹ ਨਾ ਹੋਵੇ, ਉਹਨਾਂ ਇਕ ਪਹਾੜੀ ਪਿਛੇ ਮੋਰਚੇ ਲਾਏ ਹੋਏ ਸਨ – ਲਓ ਜੀ ਅੰਗਰੇਜ ਅਫਸਰ ਨੇ ਉਹਨਾਂ ਨੂੰ ਲੈਕਚਰ ਦਿੱਤਾ ਕਿ ਤੁਮ ਗੁਰੂ ਗੋਬਿੰਦ ਸਿੰਘ ਕੇ ਸੀਖ ਹੋ – ਬਹਾਦੁਰ ਹੋ – ਮਰਨੇਂ ਸੇ ਨਹੀਂ ਡਰਤੇ – ਲਓ ਜੀ ਆ ਗਏ ਸਾਡੇ ਬਾਪੂ ਜੀ ਤੇ ਹੋਰ ਸਿੱਖ ਸਿਪਾਹੀ ਫੂਕ ਵਿਚ – ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾਏ ਤੇ ਚੜ੍ਹ ਗਏ ਪਹਾੜੀ ’ਤੇ – ਅਗਲਿਆਂ ਭੁੰਨ ਦਿੱਤੇ – ਇਕ ਸੌ ਦਸਾਂ ਵਿਚੋਂ ਬਚੇ ਕਿਸਮਤ ਨੂੰ ਇਕ ਸਾਡਾ ਬਾਪੂ ਤੇ ਚਾਰ ਹੋਰ।

ਜਗਤਾਰ : ਤੇ ਉਸ ਅੰਗਰੇਜ਼ ਅਫਸਰ ਦਾ ਕੀ ਬਣਿਆ, ਚਾਚਾ?

ਤੇਜੂ : ਉਹ ਆਪ ਸਾਲਾ ਮਾਂ ਦਾ ਯਾਰ ਮੋਰਚੇ ’ਤੇ ਹੀ ਰਿਹਾ – ਬਾਪੂ ਹੋਰਾਂ ਨੂੰ ਬੜੇ ਤਗਮੇ ਮਿਲੇ – ਪਰ ਤਗਮਿਆਂ ਨੂੰ ਕੋਈ ਹਥੇਲੀ ’ਤੇ ਪਾ ਕੇ ਚੱਟੇ – ਤੇ ਸਾਡੇ ਬਾਪੂ ਨੇ ਜਿਹੜੀ ਅਕਲ ਦੀ ਪੋਥੀ ਸਾਨੂੰ ਵਿਰਸੇ ਵਿਚ ਦਿੱਤੀ, ਉਸ ਵਿਚ ਮੋਟੇ ਸ਼ਬਦਾਂ ’ਚ ਲਿਖਿਆ ਸੀ – ਦੁਨੀਆ ਵਿਚ ਪੰਜਾਬੀ ਕੌਮ ਮਹਾਂ ਮੂਰਖ ਕੌਮ ਹੈ।

ਜਗਤਾਰ : ਲੈ ਚਾਚਾ, ਪੰਜਾਬੀ ਤਾਂ ਜਿਥੇ ਗਏ, ਝੰਡੇ ਗੱਡ ਦਿੱਤੇ ਆਪਣੀ ਬਹਾਦਰੀ ਦੇ।

ਤੇਜੂ : ਐਵੇਂ ਪੂਛਲ ਚੱਕੀ ਫਿਰਦੇ ਨੇ – ਤੈਨੂੰ ਦੱਸਿਆ ਨਾ ਕਿ ਫੂਕ ਵਿਚ ਕੜੀ ਕੜੀ ਅਰਗੇ ਜੁਆਨ ਐਵੇਂ ਭੰਗ ਦੇ ਭਾੜੇ ਗਏ – ਅਖੇ ਗੁਰੂ ਗੋਬਿੰਦ ਸਿੰਘ ਕੇ ਸੀਖ ਬੜੇ ਬਹਾਦੁਰ ਹੋਤੇ ਹੈਂ – ਉਸ ਸਾਲੇ ਲਈ ਇਹ ਸਭ ਤਮਾਸ਼ਾ ਹੋ ਗਿਆ। ਤੂੰ ਸਾਡਾ ਯਾਰ ਏ – ਅਕਲ ਦੀ ਪੋਥੀ ’ਚ ਤੈਨੂੰ ਇਕ ਹੋਰ ਵਰਕਾ ਪੜ੍ਹਕੇ ਸੁਣਾ ਦੇਈਏ – ਦੁਨੀਆਂ ਬੜੀ ਮਾਂ ਦੀ ਯਾਰ ਏ – ਦੂਜਿਆਂ ਦੇ ਘਰ ਅੱਗ ਲਾਕੇ ਆਪ ਤਮਾਸ਼ਾ

ਵੇਖਦੀ ਏ ਤੇ ਸਭ ਕੰਮ ਸੋਚ ਸਮਝਕੇ ਕਰੀਂ – ਘਾਣੀ ਗੇੜ ਤੇ ਸਿਲਸਲਾ ਆਹ ਹੀ।

*(ਕਪਤਾਨ ਸਾਹਿਬ ਆਉਂਦੇ ਹਨ।)*

ਤੇਜੂ : ਆਓ ਕਪਤਾਨ ਸਾਹਿਬ – ਵਾਹਿਗੁਰੂ ਜੀ ਕੀ ਫਤਿਹ

ਕਪਤਾਨ : ਓਏ ਤੇਜੂ ਤੁਮ ਫੌਜੀ ਕੀ ਔਲਾਦ ਹੋਕੇ ਵਾਹਿਗੁਰੂ ਜੀ ਕੀ ਫਤਿਹ ਕਰਦਾ ਏ – ਸਲੂਟ ਮਾਰਿਆ ਕਰ।

ਤੇਜੂ : ਕਪਤਾਨ ਸਾਹਿਬ, ਸਾਡੇ ਬਾਪੂ ਨੇ ਏਨੀਆਂ ਸਲੂਟਾਂ ਮਾਰੀਆਂ ਕਿ ਜਾਣ ਵੇਲੇ ਕਹਿ ਗਿਆ ਕਿ ਪੁੱਤਰਾ ਹੋਰ ਜੋ ਮਰਜ਼ੀ ਕਰੀਂ – ਪਰ ਕਿਸੇ ਮਾਂ ਦੇ ਯਾਰ ਨੂੰ ਸਲੂਟ ਨਾ ਮਾਰੀਂ

ਕਪਤਾਨ : ਸੁਣਾ ਬਈ ਜਗਤਾਰ ਸਿੰਘ – ਪਿੰਡ 'ਚ ਬੜੀ ਚਰਚਾ ਏ ਪੰਚਾਇਤ ਚੋਣਾਂ ਦੀ।

ਜਗਤਾਰ : ਤੁਸੀਂ ਵੀ ਵੋਟ ਦੇਣੀ ਏ ਕਪਤਾਨ ਸਾਹਿਬ।

ਕਪਤਾਨ : ਸਾਡਾ ਨਾਂ ਲਿਸਟ ਵਿਚ ਹੈ ?

ਜਗਤਾਰ : ਹੈ ਕਿਉਂ ਨਹੀਂ।

ਤੇਜੂ : ਤੇ ਬਾਈ ਮੇਰਾ ?

ਜਗਤਾਰ : ਚਾਚਾ ਤੇਰਾ ਵੀ ਏ।

ਕਪਤਾਨ : ਜ਼ਰਾ ਵਿਖਾਈਂ...

ਜਗਤਾਰ : ਨਾਜ਼ਰ ਸਿੰਘ – ਵਲਦ ਜਗੀਰ ਸਿੰਘ

ਕਪਤਾਨ : ਸ: ਨਾਜ਼ਰ ਸਿੰਘ ਨਹੀਂ ਲਿਖਿਆ ?

ਜਗਤਾਰ : ਨਹੀਂ ਜੀ –

ਤੇਜੂ : ਬੜੀ ਮਾੜੀ ਗੱਲ ਏ।

ਕਪਤਾਨ : ਕਪਤਾਨ ਨਾਜ਼ਰ ਸਿੰਘ ਨਹੀਂ ਲਿਖਿਆ ?

ਜਗਤਾਰ : ਨਹੀਂ ਜੀ –

ਤੇਜੂ : ਤੇ ਮੇਰਾ ?

ਜਗਤਾਰ : ਤੇਰਾ ਇਹ ਚਾਚਾ – ਤੇਜਾ ਸਿੰਘ ਵਲਦ ਅਤਰ ਸਿੰਘ

ਕਪਤਾਨ : ਹੂੰ– ਤੇਜੂ ਤੇਜਾ ਸਿੰਘ ਤੇ ਕਪਤਾਨ ਨਾਜ਼ਰ ਸਿੰਘ ਨਿਰਾ ਨਾਜ਼ਰ ਸਿੰਘ – ਸਰਦਾਰ ਨਾਜ਼ਰ ਸਿਘ ਨਿਰਾ ਨਾਜ਼ਰ ਸਿੰਘ – ਮੈਂ ਵੋਟ ਪੋਲ ਨਹੀਂ ਕਰਾਂਗਾ।

*(ਗੁੱਸੇ ਨਾਲ ਜਾਣ ਲਗਦਾ ਹੈ।)*

ਤੇਜੂ : ਕਪਤਾਨ ਸਾਹਿਬ ਗੱਲ ਤਾਂ ਸੁਣੋ –

ਕਪਤਾਨ : ਕੀ ਗੱਲ ?

ਤੇਜੂ : ਤੁਸੀਂ ਵੋਟ ਜ਼ਰੂਰ ਪਾਉਣੀ।

ਕਪਤਾਨ : ਨਹੀਂ।

ਤੇਜੂ : ਮੈਂ ਤੁਹਾਨੂੰ ਹੱਥ ਬੰਨਕੇ ਅਰਜ਼ ਕਰਦਾ ਹਾਂ ਕਿ ਬਹਿਸ ਨਾ ਕਰੋ, ਮੇਰਾ ਨਾਂ ਕਾਗਜ਼ਾਂ ਵਿਚ ਹੀ ਤੇਜ਼ਾ ਸਿੰਘ ਹੋਇਆ ਏ – ਉਂਜ ਮੈਂ ਹਾਲੇ ਤੇਜੂ ਹੀ ਹਾਂ – ਤੇ ਤੁਹਾਡੇ ਨਾਂ ਨਾਲੋਂ ਸਰਦਾਰ ਕਾਗਜ਼ਾਂ ਵਿਚੋਂ ਹੀ ਲੱਥਾ ਏ ਉਂਜ ਤੁਸੀਂ ਸਰਦਾਰ ਨਾਜ਼ਰ ਸਿੰਘ ਹੀ ਓ।

*(ਸਲੂਟ ਮਾਰਦਾ ਏ।)*

ਕਪਤਾਨ : ਅੱਛਾ ਦੇਖਾਂਗਾ।

*(ਜਾਂਦਾ ਹੈ।)*

ਜਗਤਾਰ : ਬੜਾ ਅਜੀਬ ਬੰਦਾ ਏ।

ਤੇਜੂ : ਅਸੀਂ ਤਾਂ ਬਾਈ ਜਗਤਾਰ ਸਿੰਘ ਇਹਦੇ ਆਉਣ 'ਤੇ ਤਾਂ ਪਹਿਲੇ ਹੀ ਦਿਨ ਆਪਣੀ ਪੋਥੀ ਵਿਚ ਲਿਖ ਦਿੱਤਾ ਸੀ, ਪਿੰਡ ਵਿਚ ਪਹਿਲੇ ਹੀ ਬਹੁਤ ਮੂਰਖ ਸਨ, ਪਰ ਜਦੋਂ ਦਾ ਕਪਤਾਨ ਨਾਜ਼ਰ ਸਿੰਘ ਪੈਨਸ਼ਨ ਤੇ ਆਇਆ ਹੈ, ਇਕ ਮੂਰਖ ਹੋਰ ਵੱਧ ਗਿਆ ਏ – ਘਾਣੀ ਗੇੜ ਤੇ ਸਿਲਸਲਾ ਆਹ ਈ।

*(ਗੇਜਾ ਆਉਂਦਾ ਹੈ।)*

ਗੇਜਾ : ਬਾਈ ਘਰ ਪ੍ਰਾਹੁਣੇ ਆਏ ਹੋਏ ਨੇ।

ਜਗਤਾਰ : ਅੱਛਾ – ਚਲਦਾ ਹਾਂ ਚਾਚਾ – ਤੇਰੀ ਪੋਥੀ ਦੀਆਂ ਗਲਾਂ ਫੇਰ ਕਿਸੇ ਵੇਲੇ।

*(ਜਗਤਾਰ ਜਾਂਦਾ ਹੈ।)*

ਗੇਜਾ : ਚਾਚਾ ਕਿਹਦੀ ਗੱਲ ਕਰਦੇ ਸੀ।

ਤੇਜੂ : ਓਏ ਕਪਤਾਨ ਸਾਹਿਬ ਦੀ – ਨਿਰਾ ਮੂਰਖ ਏ।

ਗੇਜਾ : ਦੇਖ ਲੈ ਚਾਚਾ ਮੂਰਖ ਹੁੰਦੇ ਹੋਏ ਵੀ ਕਿੰਨੇ ਅਹੁਦੇ 'ਤੇ ਰਿਹਾ – ਸਭ ਪੈਸੇ ਦੀ ਖੇਡ ਏ। ਚਾਚਾ ਤੂੰ ਤਾਂ ਬੜੀਆਂ ਪੋਥੀਆਂ ਲਿਖੀਆਂ–ਪੜ੍ਹੀਆਂ ਨੇ, ਇਹ ਦੱਸ ਕਿਸੇ ਕੋਲ ਏਨੇਂ ਪੈਸੇ ਕਿਉਂ ਨੇ ਤੇ ਕਿਸੇ ਕੋਲ ਕੁਝ ਵੀ ਨਹੀਂ, ਕਈਆਂ ਕੋਲ ਘੁਮਾਵਾਂ ਦੀਆਂ ਘੁਮਾਵਾਂ ਜ਼ਮੀਨ ਏ ਤੇ ਮਹਾਤੜਾ ਕੋਲ ਕਿਉਂ ਨਹੀਂ ?

ਤੇਜੂ : ਓਏ ਗੇਜਿਆ, ਘਾਣੀ ਗੇੜ ਤੇ ਸਿਲਸਲਾ ਆਹ ਈ ਕਿ ਇਹ ਪੋਥੀਆਂ ਰੱਬ ਦੀਆਂ ਪੋਥੀਆਂ ਨੇ – ਪਤਾ ਨਹੀਂ ਕਿਹੜੇ ਲੰਡਿਆਂ ਵਿਚ ਲਿਖੀਆਂ ਹੋਈਆਂ ਨੇ – ਭੋਰਾ ਸਮਝ ਨਹੀਂ ਪੈਂਦੀ।

ਗੇਜਾ : ਬਸ ਇਥੇ ਆਕੇ ਮਾਰ ਖਾ ਗਿਆਂ ਏ ਚਾਚਾ – ਜੇ ਇਹ ਸਮਝ ਆ ਜਾਂਦੀ ਤਾਂ ਤੂੰ ਵੀ ਲੰਬੜ ਬਣ ਜਾਂਦਾ ਤੇ ਤੇਰਾ ਤਾਰਾ ਵੀ ਦੋ ਚਾਰ

ਘੁਮਾਵਾਂ ਦਾ ਮਾਲਕ ਹੋ ਜਾਂਦਾ।

ਤੇਜੂ : ਓਏ ਗੇਜਿਆ ਇਹਦੀ ਪੋਥੀ ਬੜੀ ਲਿਖਣੀ ਚਾਹੀ, ਪਰ ਇਹ ਕੋਰੇ ਦਾ ਕੋਰਾ ਹੀ ਰਿਹਾ – ਇਕ ਵਾਰੀ ਸਲਾਹ ਕੀਤੀ ਤਾਰੇ ਨੂੰ ਵੱਡਾ ਭਲਵਾਨ ਬਣਾਵਾਂ। ਮੇਰੀ ਮਨਸ਼ਾ ਕੰਜਰ ਨੂੰ ਪੰਜ ਦਸ ਪੀਪੇ ਘਿਉ ਦੇ ਖਵਾਵਾਂ – ਕੁੜੀ ਯ੍ਹਾਵਾਂ ਕਿਕਰ ਸੂੰਹ ਬਣਾ ਦੇਵਾਂ ਇਕ ਵਾਰ – ਫੇਰ ਮੈਂ ਸੋਚਿਆ ਇਹਨੇ ਕੰਜਰ ਨੇ ਕਿਸੇ ਦੀ ਲੱਤ ਬਾਂਹ ਤੋੜ ਦੇਣੀ ਆ – ਵੀਰ ਮੇਰਿਆ ਘਾਣੀ ਗੇੜ ਤੇ ਸਿਲਸਲਾ ਆਹ ਈ – ਇਸ ਕਰਕੇ ਮੈਂ ਇਹਨੂੰ ਭਲਵਾਨ ਨਾ ਬਣਾਇਆ।

ਗੇਜਾ : ਹਲਾ ਇਹ ਗੱਲ ਸੀ – ਸੁਕੀਆਂ ਲੱਤਾ – ਨਿੱਕਾ ਕੱਦ – ਵਜਾਤਜਾ ਤਾਂ ਉਹਦੀ ਭਲਵਾਨਾਂ ਵਾਲੀ ਹੀ ਸੀ।

ਤੇਜੂ : ਤੇ ਹੋਰ ਕੀ ? ਕਦੀ ਮੈਂ ਸੋਚਦਾ ਇਹਨੂੰ ਬਦਮਾਸ਼ ਬਣਾਵਾਂ – ਵੱਡਾ ਬਦਮਾਸ਼ – ਜਗੇ ਡਾਕੂ ਅਰਗਾ – ਫੇਰ ਮੈਂ ਆਖਿਆ ਇਹਨੇਂ ਕਿਸੇ ਦਾ ਕਤਲ ਕਰ ਦੇਣਾ ਏ ਤੇ ਪਿਛੋਂ ਮੈਂ ਵਖ਼ਤ ਨੂੰ ਫੜਿਆ ਰਹੂੰ – ਵੀਰ ਮੇਰਿਆ ਘਾਣੀ ਗੇੜ ਤੇ ਸਿਲਸਲਾ ਆਹ ਈ – ਇਸ ਕਰਕੇ ਮੈਂ ਇਹਨੂੰ ਬਦਮਾਸ਼ ਨਾ ਬਣਾਇਆ।

ਗੇਜਾ : ਬਦਮਾਸ਼ ਬਣਦਾ ਤੇ ਚੰਗਾ ਸੀ – ਹੁਣ ਵਾਂਗ ਹਰ ਕੋਈ ਉਹਨੂੰ ਢਾਹੁੰਦਾਂ ਤਾਂ ਨਾ।

ਤੇਜੂ : ਤੇ ਇਕ ਵਾਰੀ ਮੇਰੀ ਸਲਾਹ ਬਣੀ ਕਿ ਤਾਰੇ ਨੂੰ ਦੱਬ ਕੇ ਪੜ੍ਹਾ ਦਿਆਂ – ਕੱਠੀਆਂ ਵੀਹ ਤੀਹ ਜਮਾਤਾਂ – ਭਾਵੇਂ ਜ਼ਮੀਨ ਵਿਕ ਜੇ... ਇਹਨੂੰ ਤਕੜਾ ਅਫਸਰ ਬਣਾ ਦਿਆਂ – ਵੱਡਾ ਤਕੜਾ ਅਫਸਰ... ਪਰ ਫੇਰ ਮੈਂ ਆਖਿਆ ਜੇ ਇਹ ਅਫਸਰ ਬਣ ਗਿਆ ਤਾਂ ਮੈਨੂੰ ਸਪਾਰਸ਼ਾਂ ਆਲਿਆਂ ਨ੍ਹੀਂ ਛੱਡਣਾ – ਅਖੇ, ਤੇਜਾ ਸਿਆਂ ਆ ਜ਼ਰਾ ਸਰਦਾਰ ਤਾਰਾ ਸੂੰਹ ਗੋਚਰਾ ਕੰਮ ਸੀ... ਵੀਰ ਮੇਰਿਆ ਘਾਣੀ ਗੇੜ ਤੇ ਸਿਲਸਲਾ ਆਹ ਈ – ਸੋ ਇਸਨੂੰ ਅਫਸਰ ਨਹੀਂ ਬਣਾਇਆ – ਤੇ ਤੂੰ ਹੁਣ ਚਲ ਜ਼ਰਾ ਸਰਪੰਚ ਹੋਰਾਂ ਨੂੰ ਵੀ ਦੋ ਗੱਲਾਂ ਅਕਲ ਦੀ ਪੋਥੀ ਤੋਂ ਸੁਣਾ ਦੇਵਾਂ।

*(ਗੇਜਾ ਜਾਂਦਾ ਹੈ।)*

*(ਸਰਪੰਚ ਗੁਰਮੇਜ ਸਿੰਘ ਆਉਂਦਾ ਹੈ।)*

ਤੇਜੂ : ਸਰਪੰਚ ਗੁਰਮੇਜ ਸਿੰਘ, ਵਾਹਿਗੁਰੂ ਜੀ ਕੀ ਫਤਿਹ – ਬੜੇ ਗੁੱਸੇ ਵਿਚ ਏਂ ?

ਸਰਪੰਚ : ਮੁੰਡੇ ਕਹਿੰਦੇ ਨੇ ਗੁਰਦੁਆਰੇ ਦੇ ਬਾਹਰਲੇ ਕਮਰੇ ਵਿਚ ਲਾਇਬ੍ਰੇਰੀ ਬਣਾਉਣੀ ਏ।

ਤੇਜੂ : ਹੈ ਪੁੱਠੀ ਮੱਤ ਵਾਲੇ – ਅਖੇ ਲਾਇਬ੍ਰੇਰੀ ਬਣਾਉਣੀ ਏ – ਇਨ੍ਹਾਂ ਨੂੰ ਕੌਣ ਸਮਝਾਵੇ ? ਉਂਝ ਗੁਰਮੇਜ ਸਿਆਂ ਜੇ ਉਥੇ ਬੈਠਕੇ ਕੋਈ ਦੋ ਅੱਖਰ ਪੜ੍ਹ ਵੀ ਲਵੇ ਤਾਂ ਤੈਨੂੰ ਕੀ ਫਰਕ ਪੈਂਦਾ ਏ ?

ਸਰਪੰਚ : ਤੇਜਿਆ – ਦੋ ਅੱਖਰ ਪੜ੍ਹ ਲੈਣ ਕੋਈ ਹਰਜ ਨਹੀਂ – ਜੇਕਰ ਵੱਡਿਆਂ ਦੀ ਪੱਗ ਨੂੰ ਹੱਥ ਪਾਉਣ ਦੀਆਂ ਵਿਉਂਤਾਂ ਬਣਾਉਣ ਤਾਂ ਫਰਕ ਪੈਂਦਾ ਏ।

ਤੇਜੂ : ਹਾਂ ਫਰਕ ਤਾਂ ਪੈਂਦਾ ਏ – ਇਹਨਾਂ ਨੂੰ ਵੱਡਿਆਂ ਦੀ ਪੱਗ ਉਤੇ ਹੱਥ ਨਹੀਂ ਪਾਉਣਾ ਚਾਹੀਦਾ – ਪਰ ਇਕ ਗੱਲ ਏ ਜੇਕਰ ਇਹੋ ਜਹੀ ਨੌਬਤ ਆ ਹੀ ਪੁੱਜੀ ਏ ਤਾਂ ਵਡਿਆਂ ਨੂੰ ਚਾਹੀਦੈ ਪਹਿਲੇ ਹੀ ਆਪਣੀ ਪੱਗ ਕੱਛੇ ਵਿਚ ਦੇ ਲੈਣ – ਫੇਰ ਕੋਈ ਕੀ ਹੱਥ ਪਾ ਲਵੇਗਾ ?

ਸਰਪੰਚ : ਐਵੇਂ ਕੱਛ ਦੇ ਲੈਣ ? ਹੁਣ ਇਸ਼ਰ ਸਿੰਘ ਦਾ ਜਗਤਾਰ ਆਖਦਾ ਏ ਕਿ ਉਹ ਸਰਪੰਚ ਬਣੇਗਾ।

ਤੇਜੂ : ਲੈ ਉਹਦੀ ਇਹ ਮਜਾਲ ਤੇਰੇ ਹੁੰਦਿਆਂ ਇਹ ਕਹੇ – ਪਰ ਸਰਦਾਰਾ ਬੁਰਾ ਨਾ ਮੰਨੀ – ਇਕ ਗੱਲ ਏ।

ਸਰਪੰਚ : ਕੀ ਗੱਲ ਏ ?

ਤੇਜੂ : ਜੇ ਉਹ ਸਰਪੰਚ ਬਣ ਹੀ ਜਾਏ ਤਾਂ ਪਿੰਡ ਦਾ ਕੁਝ ਨਾ ਕੁਝ ਸੁਧਰ ਹੀ ਜਾਏਗਾ – ਬੁਰਾ ਨਾ ਮੰਨੀ ਤੈਨੂੰ ਤਾਂ ਹੁਣ ਉਤਲੇ ਕੰਮਾਂ ਤੋਂ ਵਿਹਲ ਹੀ ਕਿਥੇ ? ਕਦੀ ਤੂੰ ਥਾਣੇਦਾਰ ਨੂੰ ਮਿਲਣਾ ਹੋਇਆ – ਕਦੀ ਤਸੀਲੇ ਤੇਰੀ ਗਵਾਹੀ ਹੁੰਦੀ ਏ।

ਸਰਪੰਚ : ਤੇ ਤੇਜਿਆ ਇਹ ਮੇਰੇ ਆਪਣੇ ਕੰਮ ਥੋੜਾ ਨੇ – ਇਹ ਲੋਕਾਂ ਦੇ ਹੀ ਕੰਮ ਨੇ।

ਤੇਜੂ : ਇਹੋ ਤਾਂ ਮੈਂ ਕਹਿੰਦਾ ਹਾਂ ਕਿ ਇਹ ਲੋਕਾਂ ਦੇ ਕੰਮ ਨੇ – ਲੋਕਾਂ ਨੂੰ ਪਤਾ ਨਹੀਂ ਕੀ ਆਦਤ ਪੈ ਗਈ ਏ ਕਿ ਪਹਿਲੇ ਨਜੈਜ਼ ਭੱਠੀਆਂ ਲਾਉਂਦੇ ਨੇ – ਫਸ ਜਾਂਦੇ ਨੇ ਤੇ ਫੇਰ ਤੈਨੂੰ ਤਕਲੀਫ ਦੇਂਦੇ ਨੇ – ਫੀਮ ਦੀ ਸਮਗਲਿੰਗ ਕਰਦੇ ਨੇ – ਫੜੇ ਜਾਂਦੇ ਨੇ ਤੇ ਤੈਨੂੰ ਤਕਲੀਫ ਦੇਂਦੇ ਨੇ – ਚੋਰੀ ਕਿਸੇ ਦੀ ਘੋੜੀ ਖੋਲ ਲਿਆਉਂਦੇ ਨੇ... ਪਤਾ ਲਗ ਜਾਏ ਤਾਂ ਤੈਨੂੰ ਆ ਸਵਾਲ ਪਾਉਂਦੇ ਨੇ – ਤੇ ਤੂੰ ਏ ਕਿ ਵਿਚਾਰਾ ਲੋਕਾਂ ਦੇ ਕੰਮਾਂ ਤੋਂ ਤੈਨੂੰ ਵਿਹਲ ਨਹੀਂ ਮਿਲਦੀ – ਤੈਨੂੰ ਤਾਂ ਵਡੇ ਕੰਮਾਂ ਤੋਂ ਵਿਹਲ ਨਹੀਂ ਮਿਲਦੀ – ਤੇ ਛੋਟੇ ਛੋਟੇ ਕੰਮ ਪਿੰਡ ਵਿਚ ਖੰਡ ਦਾ ਡਿਪੂ ਹੋਵੇ – ਸਕੂਲ ਵਿਚ ਮਾਸਟਰ ਹੋ – ਇਹ ਨਹੀਂ ਕਿ ਚਾਰ-ਚਾਰ ਮਹੀਨੇ ਚਾਰ-ਚਾਰ ਜਮਾਤਾਂ ਨੂੰ ਇਕੋ ਮਾਸਟਰ ਖੱਪਦਾ ਰਵੇ – ਇਹ ਨਿੱਕੇ ਨਿੱਕੇ ਕੰਮ ਲੋਕੀਂ ਚਾਹੁੰਦੇ ਨੇ ਐਤਕੀ ਜਗਤਾਰ

ਕਰੇ – ਮੈਂ ਤਾਂ ਆਖ ਦਿੱਤਾ ਏ ਤੇਰੇ ਵੱਲੋਂ ਵੀ ਕਿ ਜਗਤਾਰ ਸਿੰਘ ਕਰੇ – ਸਰਦਾਰ ਗੁਰਮੇਜ ਸਿੰਘ ਨੂੰ ਕੀ ਇਤਰਾਜ਼ ਏ – ਇਹ ਦੱਸ ਤੈਨੂੰ ਕੋਈ ਇਤਰਾਜ਼ ਏ ?

ਸਰਪੰਚ : ਲੈ ਮੈਨੂੰ ਕੀ ਹੋ ਸਕਦਾ ਏ ?

ਤੇਜੂ : ਹਾਂ ਤੈਨੂੰ ਕੀ ਹੋ ਸਕਦਾ ਏ।

ਸਰਪੰਚ : ਪਰ ਮੈਂ ਜਗਤਾਰ ਨੂੰ ਸਰਪੰਚ ਨਹੀਂ ਬਣਨ ਦੇਣਾ।

ਤੇਜੂ : ਲੈ ਅਸੀਂ ਉਹਨੂੰ ਬਣਨ ਦੇਨੇ ਹਾਂ – ਆਪਣੀ ਔਕਾਤ ਨੂੰ ਤਾਂ ਪਹਿਲੇ ਵੇਖੇ – ਪਰ ਇਕ ਮਨ ਕਹਿੰਦਾ ਏ ਕਿ ਬੇਸ਼ਕ ਬਣ ਜਾਏ – ਦੋ ਦਿਨਾਂ ਵਿਚ ਮੱਤ ਨਾ ਟਿਕਾਨੇ ਆ ਜਾਏ – ਫੇਰ ਜਾਕੇ ਪੁੱਛੀਏ, ਕਿਉਂ ਬੱਚੂ ਹੁਣ ਕਾਟੋ ਕਿਥੇ ਖੇਡਦੀ ਏ।

ਸਰਪੰਚ : ਤੇ ਹੋਰ ਕੀ ? ਸਰਪੰਚੀ ਕੋਈ ਸੌਖੀ ਏ – ਨਿਰੀ ਉਸਤਰਿਆਂ ਦੀ ਮਾਲਾ ਏ।

ਤੇਜੂ : ਨਿਰੀ ਉਸਤਰਿਆਂ ਦੀ ਮਾਲਾ ਏ ਕਿ – ਮੈਂ ਤਾਂ ਪਹਿਲੇ ਹੀ ਆਖ ਦਿੱਤਾ ਏ ਕਿ ਇਹ ਤਾਂ ਸਰਦਾਰ ਗੁਰਮੇਲ ਸਿੰਘ ਦਾ ਜਿਗਰਾ ਏ, ਕਿ ਜਿਹੜੀ ਏਨੇਂ ਸਾਲਾਂ ਦੀ ਪਾਈ ਫਿਰਦਾ ਏ – ਹੋਰ ਕੋਈ ਹੁੰਦਾ ਤਾਂ ਕਦੋਂ ਦਾ ਸਾਰਾ ਸਿਆਪਾ ਗਲੋਂ ਲਾਹਕੇ ਬਹਿ ਜਾਂਦਾ।

ਤੇਜੂ : ਤੇ ਇਸ ਵਿਚ ਝੂਠ ਵੀ ਕੀ ਏ ?

ਤੇਜੂ : ਅਸੀਂ ਤਾਂ ਗੁਰਮੇਲ ਸਿਆਂ ਐਤਕੀ ਤੈਨੂੰ ਇਸ ਫਾਹੇ ਤੋਂ ਲਾਹ ਹੀ ਦੇਣਾ ਏ – ਤੂੰ ਹੁਣ ਸਾਰੀ ਉਮਰ ਕੋਈ ਪਿੰਡ ਦੀ ਸੇਵਾ ਦਾ ਠੇਕਾ ਲਿਆ ਹੋਇਆ ਏ – ਆਪੇ ਕੋਈ ਹੋਰ ਸਾਂਭੇ – ਭਾਵੇਂ ਜਗਤਾਰ ਸਿੰਘ ਸਾਂਭੇ ਤੇ ਭਾਵੇਂ ਕਾਲਾ ਚੋਰ ਸਾਂਭੇ – ਸਾਨੂੰ ਕੀ ?

ਸਰਪੰਚ : ਤੇ ਹੋਰ ਕੀ ?

ਤੇਜੂ : ਲੈ ਫੇਰ ਅੱਜ ਪਿੰਡ ਘਰ ਘਰ ਖ਼ਬਰ ਕਰ ਦੇਣੀ ਏ ਕਿ ਸਰਦਾਰ ਗੁਰਮੇਲ ਸਿੰਘ ਨੇ ਸਰਪੰਚੀ ਤੋਂ ਲਈ ਫਾਰਖਤੀ – ਹੁਣ ਭਾਵੇਂ ਕਾਲੇ ਚੋਰ ਨੂੰ ਬਣਾਵੋ।

ਸਰਪੰਚ : ਲੈ ਕਾਲੇ ਚੋਰ ਨੂੰ ਪਏ ਬਣਾਉਣ – ਪਰ ਜਗਤਾਰ ਸਿੰਘ ਨੂੰ ਨਹੀਂ ਬਣਨ ਦੇਣਾ।

ਤੇਜੂ : ਜਗਤਾਰ ਸਿੰਘ ਨੂੰ ਕੌਣ ਬਣਾਉਣ ਲਗਾ ਏ – ਬਣੇਗਾ ਤੇ ਉਹੀ ਜਿਹਦੇ ਬਾਰੇ ਸਰਦਾਰਾ ਤੇਰੀ ਰਜ਼ਾ ਮੰਦੀ ਹੋਵੇ – ਜੇ ਤੇਰੀ ਨਿਗਾਹ ਵਿਚ ਕੋਈ ਹੈ ਤਾਂ ਦੱਸ।

ਸਰਪੰਚ : ਬਿਕਰ ਸਿੰਘ ਬਾਰੇ ਲੋਕ ਰਾਏ ਕਰ ਲੈਣ ਤਾਂ ਮੈਨੂੰ ਕੋਈ ਇਤਰਾਜ਼ ਨਹੀਂ।

ਤੇਜੂ : ਬਿਕਰ ਸਿੰਘ ਨੂੰ ਤੂੰ ਬਣਾਏਂਗਾ ? ਲੈ ਸਰਦਾਰਾ ਤੂੰ ਬੋਤਲ ਪਰਸੋਂ ਖਾਲੀ ਕਰਕੇ ਸੁੱਟੀ ਤਾਂ ਸਾਲਾ ਮੇਰਾ, ਉਲਟਾ ਉਲਟਾ ਕੇ ਵੇਖੇ ਕਿ ਕੋਈ ਤੁਪਕਾ ਹੈਗਾ, ਜਿਨੂੰ ਉਹ ਕੁੱਤੇ ਵਾਕੁਣ ਚੱਟੇ – ਜਿਸ ਕੁਰਸੀ 'ਤੇ ਪਹਿਲੇ ਸਰਦਾਰ ਗੁਰਮੇਲ ਸਿੰਘ ਬੈਠਾ ਹੋਵੇ ਉਥੇ ਉਹ ਕੁੱਤਾ ਬੈਠੇ ? ਨਾ ਬਈ ਇਹ ਸਿਰਫ ਕੁਰਸੀ ਦੀ ਨਹੀਂ ਸਗੋਂ ਸਰਦਾਰ ਗੁਰਮੇਲ ਸਿੰਘ ਦੀ ਬਿਜ਼ਤੀ ਏ – ਤੂੰ ਹੋਰ ਕੋਈ ਨਾਂ ਲੈ।

ਸਰਪੰਚ : ਮਜ਼ਹਬੀਆਂ ਦੇ ਪ੍ਰਤਾਪੇ ਨੂੰ ਬਣਾ ਦੇਣ – ਸਰਕਾਰ ਵੀ ਕਹਿੰਦੀ ਏ ਕਿ ਉਹਨਾਂ ਨੂੰ ਚੁੱਕਿਆ ਜਾਏ। ਪੰਚਾਇਤ ਨੂੰ ਰਾਇਤਾਂ ਵੀ ਪੂਰੀਆਂ ਮਿਲ ਜਾਣਗੀਆਂ।

ਤੇਜੂ : ਲੈ ਤੂੰ ਏਡਾ ਸਰਦਾਰ ਹੋਕੇ ਜਵਾਂ ਹੀ ਵਿੱਠ ਕਰ ਦਿੱਤੀ – ਪ੍ਰਤਾਪਾ, ਜਿਨੂੰ ਸ਼ਰਾਬ ਦੀ ਇਕ ਬੋਤਲ ਦੇਵੋ ਤਾਂ ਜੋ ਮਰਜ਼ੀ ਅਖਵਾ ਲਵੋ – ਤੂੰ ਆਪ ਸੋਚ ਜਿਹੜਾ ਇਕ ਬੋਤਲ ਲੈਕੇ ਤੇਰੇ ਹੱਕ ਵਿਚ ਬਿਆਨ ਦੇ ਸਕਦਾ ਏ ਕਿ ਭਗਤੂ ਦੀ ਕੁੜੀ ਲੁੱਚੀ ਏ – ਕੱਲ ਦੋ ਬੋਤਲਾਂ ਲੈਕੇ ਇਹ ਬਿਆਨ ਦੇ ਦੇਵੇਗਾ ਕਿ ਸਰਦਾਰ ਗੁਰਮੇਲ ਸਿੰਘ ਦੀ ਰਾਣੋ ਹਰਭਜਨ ਸਿੰਘ ਦੇ ਜੀਤੇ ਨਾਲ ਅੱਖ ਮੱਟਕੇ ਕਰਦੀ ਏ – ਕਿਸੇ ਦੀ ਜ਼ੁਬਾਨ ਥੋੜੇ ਰੋਕ ਸਕੀਦੀ ਏ ?

ਸਰਪੰਚ : ਓਏ ਕੀ ਬਕਦਾ ਏ – ਕਹਿਣ ਵਾਲੇ ਦੀ ਟੰਗ ਨਾ ਭੰਨ ਦੇਵਾਂ।

ਤੇਜੂ : ਕਹਿਣ ਵਾਲੇ ਪਤਾ ਥੋੜਾ ਲਗਣ ਦੇਂਦੇ ਨੇ ਕਿ ਕਦੋਂ ਗੱਲ ਕਹਿ ਦਿੱਤੀ, ਉਏ ਹਰਭਜਨ ਸਿੰਘ ਨੂੰ ਚਾਹੀਦੈ ਆਪਣੇ ਜੀਤੇ ਨੂੰ ਸਾਂਭਕੇ ਰਖੇ ਬਹੁਤੀ ਆਪ ਹੁੱਦਰੀ ਚੰਗੀ ਨਹੀਂ ਹੁੰਦੀ।

ਸਰਪੰਚ : ਓਏ ਠਹਿਰ ਜਾ – ਤੈਨੂੰ ਇਹ ਗੱਲ ਕਿਵੇਂ ਪਤਾ ਲਗੀ ?

ਤੇਜੂ : ਲੈ ਸਾਨੂੰ ਕਿਥੋਂ ਪਤਾ ਲਗਣੀ ਸੀ ? ਇਹ ਮੁੰਡੇ ਕੁੜੀਆਂ ਕੋਈ ਗੱਲ ਪਤਾ ਲਗਣ ਦੇਂਦੇ ਨੇ – ਤੂੰ ਆਪਣੀ ਗੱਲ ਲੈ ਲੈ, ਦਸ ਸਾਲ ਉਹ ਲੁੱਚੀ ਘੁਮਿਆਰਨ ਨਾਲ ਰਲੀ ਰਹੀ – ਕਿਸੇ ਨੂੰ ਕੋਈ ਕੰਨੋ ਖ਼ਬਰ ਹੋਈ, ਉਹ ਤਾਂ ਪਿਛੋਂ ਬੋਲੀ ਜਦੋਂ ਤੂੰ ਉਹਨੂੰ ਛੱਡਕੇ ਹੋਰ ਥਾਂ ਜਾ ਮੂੰਹ ਮਾਰਿਆ – ਸਰਦਾਰਾ ਤੀਵੀਆਂ ਦੀ ਜਬਾਨ ਕੋਈ ਫੜ ਸਕਦੈ – ਸਾਡੇ ਕੋਲ ਤਾਂ ਆਪਣੀ ਹੀ ਨਹੀਂ ਫੜਣ ਹੁੰਦੀ – ਕਿਉਂ ਕੀ ਕਹਿੰਦੈ – ਨਾਲੇ ਪਰਤਾਪੇ ਨੂੰ ਤਾਂ ਅਸੀਂ ਪੈਂਚ ਵੀ ਨਾ ਬਣਨ ਦੇਈਏ ਤੇ ਤੂੰ ਸਰਪੰਚ ਕਹਿੰਦਾ ਏ –

ਸਰਪੰਚ : ਓਏ ਕੰਜਰਾ, ਫੇਰ ਪਿੰਡ ਹੈ ਹੀ ਕੌਣ ?

ਤੇਜੂ : ਇਹੋ ਹੀ ਗੱਲ ਏ ਪਿੰਡ ਹੈਗਾ ਹੀ ਮਾੜੇ ਬੰਦਿਆਂ ਦਾ – ਜੇ ਕੰਮ ਦਾ ਹੁੰਦਾ ਤਾਂ ਤੈਨੂੰ ਕਿਉਂ ਏਨੇਂ ਸਾਲ ਸਰਪੰਚ ਬਣਾਈ ਰਖਦੇ – ਮੈਂ ਤਾਂ

ਕਹਿੰਦਾ ਹਾਂ ਕਿ ਪਿੰਡ ਦੇ ਭਾਗ ਹੀ ਫੁੱਟੇ ਹੋਏ ਨੇ।

ਸਰਪੰਚ : ਅੱਛਾ ਫੇਰ ਸੋਚਾਂਗੇ।

ਤੇਜੂ : ਸਰਦਾਰਾ ਸਾਡੀ ਅਕਲ ਦੀ ਪੋਥੀ ਕਹਿੰਦੀ ਏ ਕਿ ਜੇਕਰ ਦੁਸ਼ਮਣ ਨੂੰ ਮਾਰਨਾ ਹੋਵੇ ਤਾਂ ਉਸਨੂੰ ਜ਼ਿੰਮੇਵਾਰੀ ਵਾਲੀ ਕੁਰਸੀ 'ਤੇ ਬਿਠਾ ਦੇਵੋ – ਆਪੇ ਸਾਲਾ ਮਰੇਗਾ – ਮੈਂ ਤਾਂ ਕਹਿੰਦਾ ਹਾਂ ਕਿ ਜਗਤਾਰ ਨੂੰ ਹੀ ਇਹ ਸੀੜ੍ਹੀ ਸਿਆਪਾ ਸਾਂਭਨ ਦੇ, ਆਪੇ ਮਰੇਗਾ।

ਸਰਪੰਚ : ਤੂੰ ਤੇਜਿਆ ਫਿਕਰ ਨਾ ਕਰ – ਦੁਸ਼ਮਣ ਨੂੰ ਮਾਰਨ ਦੇ ਸਾਨੂੰ ਸਾਰੇ ਡੰਗ ਆਉਂਦੇ ਨੇ।

*(ਪੈਰ ਮਾਰਦਾ ਜਾਂਦਾ ਹੈ।)*

ਤੇਜੂ : ਰੱਸੀ ਸੜ ਗਈ – ਵੱਟ ਨਾ ਗਿਆ – ਇਹ ਰਾਕਸ਼ ਜ਼ਰੂਰ ਕੋਈ ਉਪੱਦਰ ਕਰੇਗਾ।

*(ਦੋ ਮੁੰਡੇ ਭੰਡਾਂ ਦਾ ਤਮਾਸ਼ਾ ਕਰਦੇ ਆਉਂਦੇ ਨੇ।)*

ਇਕ : ਐਹ ਚਾਚਾ...

ਦੋ : ਹਾਂ ਪੁੱਤ।

ਇਕ : ਮੈਂ ਵੀ ਸਰਪੰਚ ਬਣੂੰਗਾ

ਦੋ : ਪੁੱਤਰ ਸਰਪੰਚ ਬਣਕੇ ਕੀ ਕਰੇਂਗਾ ?

ਇਕ : ਤੈਨੂੰ ਥਾਣੇ ਕੁਟਵਾਊਂ।

ਦੋ : ਦੂਰ ਫਿੱਟੇ ਮੂੰਹ।

ਇਕ : ਤੈਨੂੰ ਅੰਦਰ ਕਰਾਊਂ।

ਦੋ : ਦੂਰ ਫਿੱਟੇ ਮੂੰਹ – ਕੋਈ ਚੰਗਾ ਕੰਮ ਕਰੀਂ

ਇਕ : ਜੰਝ ਘਰ ਬਣਾਊਂ।

ਦੋ : ਦੂਰ ਫਿੱਟੇ ਮੂੰਹ – ਅਸੀਂ ਕਿਹੜੀ ਧੀ ਵਿਆਹੁਣੀ ਏ ?

ਇਕ : ਪਿੰਡ ਦੀ ਸੜਕ ਬਣਾਊਂ।

ਦੋ : ਫਿੱਟੇ ਮੂੰਹ – ਅਸੀਂ ਕਿਹੜੀ ਕਾਰ ਚਲਾਉਣੀ ਏ ?

ਇਕ : ਪਿੰਡ ਵਿਚ ਸਕੂਲ ਬਣਵਾਊਂ।

ਦੋ : ਫਿੱਟੇ ਮੂੰਹ – ਅਸੀਂ ਕਿਹੜੇ ਬਾਲ ਪੜ੍ਹਾਉਣੇ ਨੇ ?

ਇਕ : ਫੇਰ ਸਰਪੰਚ ਬਣਕੇ ਕੀ ਕਰਾਂ ?

ਦੋ : ਸਰਕਾਰੇ ਦਰਬਾਰੇ ਭਲ ਬਣਾਈ, ਸਰਕਾਰੀ ਫੰਡ ਘਰਾਂ ਵਿਚ ਪਾਂਈ (ਬਲੇ) ਲੋਕਾਂ ਦੀ ਜ਼ਮੀਨ ਆਪਣੇ ਨਾਂ ਕਰਵਾਈ।

ਇਕ : ਬੱਲੇ – ਚਾਚਾ ਮੈਂ ਇਕ ਕੰਮ ਹੋਰ ਕਰੂੰ।

ਦੋ : ਕਿਹੜਾ ?

ਇਕ : ਤੇਰੇ ਨਾਂ ਦੀ ਇੱਟ ਗੁਰਦੁਆਰੇ ਲਗਾਊਂ।

ਦੋ : ਦੂਰ ਫਿੱਟੇ ਮੂੰਹ – ਉਹ ਤਾਂ ਮਰਿਆਂ ਦੀ ਲਵਾਈਦੀ ਏ।
ਇਕ : ਫੇਰ ਚਾਚਾ ਤੂੰ ਮਰਦਾ ਕਿਉਂ ਨਹੀਂ ?
ਦੋ : ਦੂਰ ਫਿੱਟੇ ਮੂੰਹ –

*(ਮੁੰਡੇ ਜਾਂਦੇ ਹਨ।)*

*(ਰੌਲਾ ਪੈਂਦਾ ਹੈ – "ਗੁੰਡਾ ਗਰਦੀ ਨਹੀਂ ਚਲੇਗੀ" – ਸਰਪੰਚ ਤੇ ਇਕ ਗੁਮਾਸ਼ਤਾ ਸਟੇਜ 'ਤੇ ਆਉਂਦਾ ਹੈ।)*

ਸਰਪੰਚ : ਓਏ ਕੰਜਰਾ ਹੋ ਗਿਆ ਸਾਰਾ ਕੰਮ ?
ਬੰਦਾ : ਹੋਰ ਕੀ ? ਅਸੀਂ ਧੂੰਆ ਨਹੀਂ ਨਿਕਲਣ ਦਿੱਤਾ।
ਸਰਪੰਚ : ਉਹਦੀਆਂ ਪੀੜੀਆਂ ਯਾਦ ਕਰਨਗੀਆਂ ਕਿ ਗੁਰਮੇਲ ਸਿੰਘ ਦੇ ਦੁਸ਼ਮਣਾਂ ਨਾਲ ਸਾਥ ਦੇਣ ਦਾ ਕੀ ਮੁਲ ਤਾਰਨਾ ਪੈਂਦਾ ਏ।
ਬੰਦਾ : ਅਸੀਂ ਤਾਂ ਅੱਜ ਪਾਰ ਬੁਲਾ ਦੇਣਾ ਸੀ – ਪਰ ਤੁਹਾਡਾ ਹੁਕਮ ਨਹੀਂ ਸੀ।
ਸਰਪੰਚ : ਓਏ ਨਹੀਂ ਏਨਾਂ ਹੀ ਕਾਫ਼ੀ ਏ।

*(ਦੋਨੋਂ ਜਾਂਦੇ ਨੇ। ਗੇਜਾ ਤੇ ਤੇਜੂ ਆਉਂਦੇ ਨੇ।)*

ਤੇਜੂ : ਕੀ ਹੋਇਆ ਜਗਤਾਰ ਸਿਆਂ ?
ਜਗਤਾਰ : ਸਰਪੰਚ ਦੇ ਬੰਦਿਆਂ ਗੇਜੇ ਨੂੰ ਫੱਟੜ ਕਰ ਦਿੱਤਾ।
ਤੇਜੂ : ਹੱਲਾ...
ਜਗਤਾਰ : ਪਰ ਚਾਚਾ ਬਚਾ ਹੋ ਗਿਐ।
ਤੇਜੂ : ਸ਼ੁਕਰ ਐ।
ਜਗਤਾਰ : ਹੁਣ ਸਾਰਾ ਪਿੰਡ ਇਕੱਠਾ ਹੋਕੇ ਸਰਪੰਚ ਦੇ ਘਰ ਜਾ ਰਿਹਾ ਏ – ਤੂੰ ਵੀ ਆ ਚਾਚਾ।

*(ਜਗਤਾਰ ਜਾਂਦਾ ਹੈ।)*

*(ਸਰਪੰਚ ਤੇ ਬੰਦਾ)*

ਬੰਦਾ : ਮੁੰਡਿਆਂ ਨੇ ਤੁਹਾਡਾ ਘਰ ਘੇਰ ਲਿਆ ਏ।
ਸਰਪੰਚ : ਉਹਨਾਂ ਦੀ ਇਹ ਮਜਾਲ।
ਬੰਦਾ : ਪਿੰਡ ਦੀ ਵਾਅ ਮਾੜੀ ਏ।
ਸਰਪੰਚ : ਦੁਸ਼ਮਣ ਮੁੱਕ ਜਾਏ – ਵਾਅ ਆਪੇ ਚੰਗੀ ਹੋ ਜਾਏਗੀ।

*(ਬੜਕਾਂ)*

ਉਹ ਤੂੰ ਬਾਹਰ ਤਾਂ ਆ ਆਵਦੀ ਭੈਣ ਦਾ ਦੁੱਧ ਪੀਣੇ ਵਾਲਿਆ – ਵੇਖਾਂ ਤੈਨੂੰ ਵਡੇ ਸੂਰਮੇ ਨੂੰ...

*(ਦੋਨੋਂ ਜਾਂਦੇ ਹਨ। ਰੌਲਾ ਵੱਧਦਾ ਹੈ)*

ਖ਼ੂਨ ਦਾ ਬਦਲਾ ਖ਼ੂਨ – ਗੁੰਡਾ ਗਰਦੀ ਨਹੀਂ ਚਲੇਗੀ, ਨਹੀ ਚਲੇਗੀ।

*(ਖੱਪ ਰੌਲੇ ਦੇ ਬਾਅਦ ਇਕ ਦਮ ਚੁੱਪ – ਫੇਰ ਪੀਪਾ ਵੱਜਦਾ ਹੈ।)*

ਪੀਪੇ ਵਾਲਾ : ਹੁਣੇ ਹੁਣੇ ਸਕੂਲੇ ਪਿੰਡ ਵਾਲਿਆਂ ਦਾ ਇਕੱਠ ਹੋਵੇਗਾ – ਤੇ ਪਿੰਡ 'ਚ ਹੋ ਰਹੀ ਗੁੰਡਾ ਗਰਦੀ ਬਾਰੇ ਸਾਂਝੇ ਕਦਮ ਚੁੱਕਣ ਲਈ ਫੈਸਲੇ ਲਏ ਜਾਣਗੇ – ਸਾਰੇ ਘਰਾਂ ਨੇ ਜ਼ਰੂਰ ਪਹੁੰਚਣਾ ਹੈ।

ਤੇਜੂ : ਓਏ ਢੋਲ ਵਾਲਾ ਕਿਧਰ ਗਿਆ ?

ਗੇਜੂ : (ਆਉਂਦੇ ਹੋਏ, ਲਹੂ ਲੁਹਾਨ ਹੈ) ਚਾਚਾ ਢੋਲ ਆਫਰਕੇ ਪਾਟ ਗਿਐ।

ਤੇਜੂ : ਗੇਜਿਆ ਇਹ ਕੀ ਹੋਇਐ ?

ਗੇਜਾ : ਲੜਾਈ 'ਚ ਦੁਸ਼ਮਣ ਦਾ ਪਹਿਲਾ ਵਾਰ

ਤੇਜੂ : ਪਰ...

ਗੇਜਾ : (ਭਾਵੁਕ ਹੋਕੇ) ਪਰ ਪੁਰ ਕੁਝ ਨਹੀਂ ਚਾਚਾ – ਮੈਨੂੰ ਪਤਾ ਏ ਤੂੰ ਇਹੋ ਕਹਿਣਾ ਚਾਹੁੰਦਾ ਏ ਕਿ ਇਹ ਲੜਾਈ ਸਾਡੀ ਨਹੀਂ, ਪਰ ਚਾਚਾ ਜਿਹੜੀ ਸਾਡੀ ਲੜਾਈ ਵੀ ਆਪਣੀ ਹੋਏਗੀ ਉਸ ਵਿਚ ਸਾਨੂੰ ਦੋਸਤ ਦੁਸ਼ਮਣ ਦੀ ਪਛਾਣ ਕਰਨੀ ਪਏਗੀ, ਸੱਚ ਤੇ ਝੂਠ ਦਾ ਨਤਾਰਾ ਕਰਨਾ ਪਵੇਗਾ... ਪਿੜ ਬੱਝ ਗਿਆ ਏ – ਕੀ ਚਾਚਾ ਹਾਲੀ ਵੀ ਲਾਂਭੇ ਰਹੇਂਗਾ।

ਤੇਜੂ : ਹਾਂ ਗੇਜਿਆ ਪਿੜ ਬੱਝ ਗਿਆ ਏ – ਲੜਾਈ ਦੋ ਧਿਰਾਂ ਦੀ ਏ – ਇਕ ਧਿਰ ਰਾਕਸ਼ਾਂ ਦੀ ਏ – ਜਿਹੜੇ ਲੋਕਾਂ ਦੀ ਹੋਣੀ ਤੇ ਧੋਂਸ ਜਮਾਕੇ ਬੈਠੇ ਨੇ – ਇਕ ਧਿਰ ਉਹਨਾਂ ਲੋਕਾਂ ਦੀ ਏ ਜਿਹੜੇ ਉਹਨਾਂ ਦੀ ਜਕੜ ਮੁਕਾਉਣਾ ਚਾਹੁੰਦੇ ਨੇ।

ਗੇਜਾ : ਚਾਚਾ ਫੇਰ ?

ਤੇਜੂ : ਗੇਜੂ ਇਹ ਜਾਣਦੇ ਹੋਏ ਵੀ ਕਿ ਇਹ ਲੜਾਈ ਹਾਲੀ ਉਹ ਲੜਾਈ ਨਹੀਂ ਜਦੋਂ ਸਿਰਫ ਕਾਗਜ਼ਾਂ ਵਿਚ ਹੀ ਨਹੀਂ – ਸਗੋਂ ਧਰਤੀ ਦੀ ਵਿਸ਼ਾਲ ਹਿੱਕ 'ਤੇ ਲਿਖਿਆ ਜਾਏਗਾ ਕਿ ਅੱਜ ਤੋਂ ਬਾਅਦ ਤੇਜੂ ਪੁੱਤਰ ਅਤਰੂ ਪਿਤਾ ਤਾਰਾ ਹੁਣ ਤੇਜਾ ਸਿੰਘ ਸਪੁੱਤਰ ਅੱਤਰ ਸਿੰਘ, ਪਿਤਾ ਤਾਰ ਸਿੰਘ ਹੋ ਗਿਆ ਹੈ – ਅਸੀਂ ਇਸ ਲੜਾਈ ਵਿਚ ਲਾਂਭੇ ਨਹੀਂ ਰਹਿ ਸਕਦੇ – ਸਾਨੂੰ ਅੱਜ ਦੇ ਸੱਚ ਦਾ ਸਾਥ ਦੇਣਾ ਹੀ ਪਵੇਗਾ।

ਇਕੱਠੇ : (ਦੋਨੋਂ ਮੁਸਕਰਾਉਂਦੇ ਹਨ) ਘਾਣੀ ਗੇੜ ਤੇ ਸਿਲਸਲਾ ਆਹ ਈ।

*(ਪਰਦਾ)*